## ਦਮਾ ਗੰਭੀਰ ਕਿਉਂ ਹੁੰਦਾ ਹੈ

ਦਮਾ ਆਮ ਹੈ - ਯੂਕੇ ਵਿੱਚ ਲਗਭਗ 10 ਵਿੱਚੋਂ 1 ਬੱਚੇ ਅਤੇ ਨੌਜਵਾਨ ਇਸ ਤੋਂ ਪੀੜਤ ਹਨ।

ਜੇਕਰ ਦਮਾ ਹਲਕਾ ਹੈ, ਤਾਂ ਲੱਛਣ ਰੋਜ਼ਾਨਾ ਜੀਵਨ ਵਿੱਚ ਦਖਲ ਨਹੀਂ ਦੇ ਸਕਦੇ ਹਨ ਅਤੇ, ਖਾਸ ਤੌਰ 'ਤੇ ਜੇਕਰ ਲੋਕ ਦਮੇ ਦੀਆਂ ਦਵਾਈਆਂ ਸਹੀ ਢੰਗ ਨਾਲ ਲੈਂਦੇ ਹਨ, ਤਾਂ ਉਹਨਾਂ ਵਿੱਚ ਕੋਈ ਲੱਛਣ ਨਹੀਂ ਹੋ ਸਕਦੇ। ਇਸਦੇ ਸਿੱਟੇ ਵਜੋਂ, ਬਹੁਤ ਸਾਰੇ ਲੋਕ ਦਮੇ ਬਾਰੇ ਚਿੰਤਾ ਨਹੀਂ ਕਰਦੇ ਜਾਂ ਲੱਛਣਾਂ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈਂਦੇ।

ਪਰ ਸਾਰੇ ਦਮੇ ਹਲਕਾ ਨਹੀਂ ਹੁੰਦੇ, ਅਤੇ ਇੱਥੋਂ ਤੱਕ ਕਿ ਹਲਕੇ ਦਮੇ ਦਾ ਵੀ ਜਿਸਦਾ ਸਹੀ ਢੰਗ ਨਾਲ ਇਲਾਜ ਨਹੀਂ ਕੀਤਾ ਜਾਂਦਾ, ਬੱਚੇ ਦੇ ਜੀਵਨ ਦੀ ਗੁਣਵੱਤਾ 'ਤੇ ਪ੍ਰਭਾਵ ਪਾ ਸਕਦਾ ਹੈ, ਉਹਨਾਂ ਨੂੰ ਉਹ ਕੰਮ ਕਰਨ ਤੋਂ ਰੋਕਦਾ ਹੈ ਜੋ ਉਹ ਕਰਨਾ ਚਾਹੁੰਦੇ ਹਨ ਜਿਵੇਂ ਕਿ ਫੁੱਟਬਾਲ ਖੇਡਣਾ ਜਾਂ ਡਾਂਸ ਕਰਨਾ।

ਜੇ ਦਮੇ ਨੂੰ ਬਿਨਾਂ ਇਲਾਜ ਕੀਤੇ ਛੱਡ ਦਿੱਤਾ ਜਾਂਦਾ ਹੈ ਤਾਂ ਹਵਾ-ਮਾਰਗਾਂ ਦਾ ਕੁਝ ਕੁ ਤੰਗ ਹੋਣਾ (ਉਹ ਟਿਊਬਾਂ ਜੋ ਹਵਾ ਨੂੰ ਫੇਫੜਿਆਂ ਤੱਕ ਲੈਕੇ ਜਾਂਦੀਆਂ ਹਨ) ਵਾਪਰ ਸਕਦਾ ਹੈ, ਜੋ ਕਿ ਸਥਿਰ ਅਤੇ ਸਥਾਈ ਹੋ ਸਕਦਾ ਹੈ। ਇਹ ਖਾਸ ਕਰਕੇ ਬੱਚਿਆਂ ਵਿੱਚ ਇੱਕ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਉਹਨਾਂ ਦੇ ਫੇਫੜਿਆਂ ਨੂੰ ਆਮ ਤੌਰ 'ਤੇ ਵਧਣ ਤੋਂ ਰੋਕ ਸਕਦਾ ਹੈ ਅਤੇ ਉਹਨਾਂ ਦੇ ਬਾਲਗ ਜੀਵਨ ਵਿੱਚ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

ਅਤੇ, ਹਾਲਾਂਕਿ ਦਮਾ ਆਮ ਤੌਰ 'ਤੇ ਹਲਕਾ ਹੁੰਦਾ ਹੈ, ਪਰ ਕਦੇ-ਕਦਾਈਂ ਇਹ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲਾ ਹੋ ਸਕਦਾ ਹੈ। ਏਥੋਂ ਤੱਕ ਕਿ ਉਹ ਬੱਚੇ ਵੀ ਜਿੰਨ੍ਹਾਂ ਨੇ ਇਹ ਸੋਚਿਆ ਸੀ ਕਿ ਉਹਨਾਂ ਨੂੰ ਕੇਵਲ ਹਲਕਾ ਦਮਾ ਹੈ, ਉਹਨਾਂ ਨੂੰ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੇ ਦੌਰੇ ਪੈ ਸਕਦੇ ਹਨ। ਇਹ ਆਮ ਤੌਰ 'ਤੇ ਇਸ ਲਈ ਹੁੰਦਾ ਹੈ ਕਿਉਂਕਿ ਉਹ ਨਹੀਂ ਜਾਣਦੇ ਸਨ ਕਿ ਜਦੋਂ ਚੀਜ਼ਾਂ ਵਿਗੜ ਰਹੀਆਂ ਸਨ ਤਾਂ ਉਨ੍ਹਾਂ ਨੂੰ ਕਿਵੇਂ ਪਛਾਣਨਾ ਹੈ, ਜਾਂ ਨਹੀਂ ਪਤਾ ਸੀ ਕਿ ਕੀ ਕਰਨਾ ਹੈ ਭਾਵੇਂ ਉਨ੍ਹਾਂ ਨੇ ਇਸਨੂੰ ਪਛਾਣ ਲਿਆ ਸੀ।

ਅਫਸੋਸ ਦੀ ਗੱਲ ਹੈ ਕਿ ਹਰ ਸਾਲ ਯੂਕੇ ਵਿੱਚ ਲੱਗਭਗ 20-30 ਬੱਚੇ ਅਤੇ ਜਵਾਨ ਲੋਕ ਆਪਣੇ ਦਮੇ ਕਰਕੇ ਮਰ ਜਾਂਦੇ ਹਨ। ਪਰਿਵਾਰਾਂ ਅਤੇ ਨੌਜਵਾਨਾਂ ਨੂੰ ਅਸਥਮਾ ਬਾਰੇ ਹੋਰ ਜਾਣਨ ਲਈ ਸਿੱਖਿਅਤ ਕਰਨਾ ਅਤੇ ਇਸਦੀ ਪਛਾਣ ਕਿਵੇਂ ਕਰਨੀ ਹੈ ਜਦੋਂ ਚੀਜ਼ਾਂ ਗਲਤ ਹੋਣੀਆਂ ਸ਼ੁਰੂ ਹੁੰਦੀਆਂ ਹਨ, ਇਹਨਾਂ ਬੱਚਿਆਂ ਲਈ ਇੱਕ ਫਰਕ ਲਿਆ ਸਕਦਾ ਸੀ।

ਇਸ ਸਮੱਸਿਆ ਨੂੰ ਹੱਲ ਕਰਨ ਲਈ BeatAsthma ਬਣਾਈ ਗਈ ਹੈ।

ਇਸ ਸਾਈਟ 'ਤੇ, ਤੁਸੀਂ ਉਹ ਸਾਰੀ ਜਾਣਕਾਰੀ ਦੇਖੋਂਗੇ ਜਿਸਦੀ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਦਮੇਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਲੋੜ ਹੈ, ਇਹ ਜਾਣਨ ਲਈ ਕਿ ਮਹੱਤਵਪੂਰਨ ਲੱਛਣਾਂ ਦੀ ਪਛਾਣ ਕਿਵੇਂ ਕਰਨੀ ਹੈ ਅਤੇ ਇਹ ਜਾਣ ਲਓਗੇ ਕਿ ਉਹਨਾਂ ਦਾ ਇਲਾਜ ਕਿਵੇਂ ਹੋਣਾ ਚਾਹੀਦਾ ਹੈ ਤਾਂ ਜੋ ਤੁਸੀਂ ਉਹਨਾਂ ਦੇ ਦਮੇ ਦਾ ਸਭ ਤੋਂ ਵਧੀਆ ਸੰਭਵ ਕੰਟਰੋਲ ਪ੍ਰਾਪਤ ਕਰ ਸਕੋਂ। ਸਕੂਲ ਵਿੱਚ ਤੁਹਾਡੇ ਬੱਚੇ ਦੇ ਦਮੇ ਦੀ ਦੇਖਭਾਲ ਕਿਵੇਂ ਕਰਨੀ ਹੈ ਅਤੇ ਜੇਕਰ ਤੁਹਾਡੇ ਬੱਚੇ ਨੂੰ ਦਮਾ ਹੈ ਤਾਂ ਤੁਹਾਡੇ ਅਧਿਕਾਰਾਂ ਬਾਰੇ ਵੀ ਸਲਾਹ ਮੌਜੂਦ ਹੈ।